ਮੰਨਜ਼ੂਰੀ ਨੰ: 30/2019-20

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ

ਡਿਪਟੀ ਕਮਿਸ਼ਨਰ
ਮੁਕਤਸਰ।

ਮੀਮੋ ਨੰ 10-ਪਸਪਬ-ਯੋ.ਅ(ਸਾਯ)2019-20/ 1371
ਮਿਤੀ: 2/3/2020

ਵਿਸ਼ਾ:- ਸਕੀਮ ਪੀ.ਐਮ.-10 ''ਸਟੇਟ ਲੈਵਲ ਇਨੀਸੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)'' ਅਧੀਨ ਸਾਲ 2019-20 ਦੌਰਾਨ ਜ਼ਿਲ੍ਹਾ ਮੁਕਤਸਰ ਦੇ ਵਿਕਾਸ ਕਾਰਜਾਂ ਲਈ ਰਾਸ਼ੀ ਜਾਰੀ ਕਰਨ ਬਾਰੇ।

ਰਾਜਪਾਲ, ਪੰਜਾਬ ਜੀ ਸਕੀਮ ਪੀ.ਐਮ 10''ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)'' ਅਧੀਨ ਸਾਲ 2019-20 ਦੌਰਾਨ ਜ਼ਿਲ੍ਹਾ ਮੁਕਤਸਰ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਲਈ 5.25 ਲੱਖ ਰੁਪਏ(ਪੰਜ ਲੱਖ ਪੰਚੀ ਹਜ਼ਾਰ) ਸਮੇਤ ਸਪੈਸ਼ਲ ਕੰਪੋਨੈਂਟ ਪਲਾਨ ਦੀ ਰਾਸ਼ੀ ਹੇਠ ਅਨੁਸਾਰ ਜਾਰੀ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ:-

ਜ਼ਿਲ੍ਹਾ : ਮੁਕਤਸਰ (ਰਾਸ਼ੀ ਲੱਖਾਂ ਵਿੱਚ)

| ਲੜੀ ਨੰ: | ਸੰਸਥਾ /ਕਾਰਜਕਾਰੀ ਏਜੰਸੀ | ਮੰਤਵ | ਮੰਗ ਨੰ: 19, ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ | | ਕੁੱਲ ਜੋੜ (5+6) |
|---|---|---|---|---|---|
| | | | 112 ਅੰਕੜੇ - 06.00 - 53 ਮੇਜਰ ਵਰਕਸ (VT) | 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ - 03.00 - 53 ਮੇਜਰ ਵਰਕਸ (VT) | |
| 1 | 2 | 3 | 4 | 5 | 6 |
| 1 | ਡਿਪਟੀ ਕਮਿਸ਼ਨਰ ਮੁਕਤਸਰ | i) ਸਕੂਲ ਦੀ ਚਾਰਦੀਵਾਰੀ ਬਣਾਉਣ ਲਈ। | 0.82 | 0.38 | 1.20 |
| | | ii)ਸਕੂਲ ਨੂੰ ਰੰਗ ਰੋਗਨ ਕਰਾਉਣ ਲਈ। | 0.54 | 0.26 | 0.80 |
| 2 | ਡਿਪਟੀ ਕਮਿਸ਼ਨਰ ਮੁਕਤਸਰ | ਸਪੋਰਟਸ ਕਲੱਬ ਪਿੰਡ ਅਕਾਲਗੜ੍ਹ ਨੂੰ ਖੇਡਾਂ ਦਾ ਸਮਾਨ ਖਰੀਦਣ ਲਈ। | 0.68 | 0. 32 | 1.00 |
| 3 | ਸਰਪੰਚ,ਗ੍ਰਾਮ ਪੰਚਾਇਤ, ਹੁਸਨਰ,ਬਲਾਕ ਗਿੱਦੜਬਾਹਾ,ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ। | ਬਾਬਾ ਗੰਗਾਰਾਮ ਧਰਮਸ਼ਾਲਾ ਲਈ ਸੈਡ ਦੀ ਉਸਾਰੀ ਲਈ ਅਤੇ ਬੁਨਿਆਦੀ ਢਾਂਚੇ ਦੀ ਕਰੀਏਸ਼ਨ ਲਈ। | 1.53 | 0.72 | 2.25 |
| | | **Total** | **3.57** | **1.68** | **5.25** |

2. ਇਹ ਰਾਸ਼ੀ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ:FD/FE6/ Senior Assistant 1, FE 6/CGSNO324828 ਮਿਤੀ 26-07-2019 ਅਤੇ ਅੰ.ਵਿ.ਪੱ.ਨੰ:FD-FE-6/MISC/6/2020-1FE 6.1/13291/2020 ਮਿਤੀ 28-02-2020 ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ।



Scanned with CamScanner

3. ਇਹ ਮੰਨਜੂਰੀ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

ੳ) ਇਹ ਖਰਚਾ ਸਾਲ 2019-20 ਦੌਰਾਨ ਯੋਜਨਾਬੰਦੀ ਦੀ ਮੰਗ ਨੰ: 19, ਦੀ ਮੁੱਖ ਮੱਦ "5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ 112 ਅੰਕੜੇ - ਐਸ.ਓ.ਈ 06.00- 53 ਮੇਜਰ ਵਰਕਸ (ਵੀ ਟੀ) (4080 ਲੱਖ ਰੁਪਏ), 789- ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ - ਐਸ.ਓ.ਈ 03.00 - 53 ਮੇਜਰ ਵਰਕਸ (ਵੀ ਟੀ) (1920 ਲੱਖ ਰੁਪਏ) ਸਕੀਮ ਪੀ.ਐਮ 10 "ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)," ਅਧੀਨ ਕੀਤਾ ਜਾਵੇਗਾ।

ਅ) ਇਹ ਖਰਚਾ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਫੰਡਾਂ ਦੀ ਵਰਤੋਂ ਸਬੰਧੀ ਮਿਤੀ 11/01/2006 ਅਤੇ ਸਮੇਂ ਸਮੇਂ ਜਾਰੀ ਕੀਤੀਆਂ ਅਗਵਾਈ ਲੀਹਾਂ ਅਨੁਸਾਰ ਕੀਤਾ ਜਾਵੇਗਾ।

ੲ) ਇਹ ਖਰਚਾ ਉਪਰ ਦਰਜ ਕੰਮਾਂ ਅਤੇ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਨੂੰ ਭੇਜੇ ਤਖਮੀਨੇ ਅਤੇ ਵਿਕਾਸ ਕਾਰਜ਼ਾਂ ਦੀ ਡਿਟੇਲ ਅਨੁਸਾਰ ਹੀ ਕੀਤਾ ਜਾਵੇਗਾ। ਜੇਕਰ ਇਹਨਾਂ ਕਾਰਜਾਂ ਵਿੱਚ ਲੋੜੀਦੀ ਸੋਧ ਕਰਵਾਉਣੀ ਹੋਵੇ ਤਾਂ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਰਾਹੀਂ ਪਹੁੰਚ ਕੀਤੀ ਜਾਵੇ।

(ਸ) ਕੀਤੇ ਜਾਣ ਵਾਲੇ ਕੰਮਾਂ ਦੀ ਪ੍ਰਗਤੀ ਰਿਪੋਰਟ ਅਤੇ ਵਰਤੋਂ ਸਰਟੀਫਿਕੇਟ ਸਬੰਧਤ ਡਿਪਟੀ ਕਮਿਸ਼ਨਰ ਵਲੋਂ ਮੁਹੱਈਆ ਕਰਵਾਏ ਜਾਣਗੇ।

(ਹ) ਸਬੰਧਤ ਡਿਪਟੀ ਕਮਿਸ਼ਨਰ ਜਾਰੀ ਕੀਤੇ ਫੰਡਾਂ ਅਤੇ ਇਨ੍ਹਾਂ ਦੀ ਵਰਤੋਂ ਬਾਰੇ ਪੂਰਾ ਅਤੇ ਠੀਕ ਰਿਕਾਰਡ ਰੱਖਣ ਲਈ ਜਿੰਮੇਵਾਰ ਹੋਣਗੇ।

(ਕ) ਜਿੱਥੇ ਜ਼ਰੂਰੀ ਹੋਵੇ, ਰਾਸ਼ੀ ਜਾਰੀ ਕਰਨ ਤੋਂ ਪਹਿਲਾਂ ਲਾਗਤ ਦੇ ਤਖ਼ਮੀਨੇ ਅਧਿਕਾਰਤ ਅਥਾਰਟੀ ਤੋਂ ਪ੍ਰਵਾਨ ਕਰਵਾਏ ਜਾਣ।

(ਖ) ਖਰਚੇ ਨੂੰ ਮਹਾਂ ਲੇਖਾਕਾਰ, ਪੰਜਾਬ ਦੇ ਦਫਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ।

(ਗ) ਸਬੰਧਤ ਏਜੰਸੀ ਵਲੋਂ ਇਸ ਰਾਸ਼ੀ ਦੇ ਡੀ.ਸੀ. ਬਿਲ ਏ.ਜੀ.ਪੰਜਾਬ ਨੂੰ ਭੇਜਣੇ ਯਕੀਨੀ ਬਣਾਏ ਜਾਣ ਅਤੇ ਇਸ ਦੀ ਸੂਚਨਾ ਯੋਜਨਾਬੰਦੀ ਵਿਭਾਗ ਨੂੰ ਵੀ ਭੇਜੀ ਜਾਵੇ।

ਜਸਪਾਲ ਸਿੰਘ
ਪ੍ਰਮੁੱਖ ਸਕੱਤਰ ਯੋਜਨਾ

ਮਿਤੀ: 2/03/2020

ਪਿੱਠ ਅੰਕਣ 10-ਪਸਪਬ-ਖੋ.ਅ(ਸਯ)2019-20/1372 ਮਿਤੀ: 2/3-2020

ਇਸ ਦਾ ਇਕ ਉਤਾਰਾ ਸਕੱਤਰ/ਵਿੱਤ ਤੇ ਯੋਜਨਾ ਮੰਤਰੀ, ਪੰਜਾਬ ਨੂੰ ਉਨ੍ਹਾਂ ਦੇ ਡਾਇਰੀ ਨੰ 64 ਮਿਤੀ 13-01-2020,142 ਮਿਤੀ 11-02-2020 ਅਤੇ 192 ਮਿਤੀ 24-02-2020 ਦੇ ਸਬੰਧ ਵਿਚ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿੱਠ ਅੰਕਣ 10-ਪਸਪਬ-ਖੋ.ਅ(ਸਯ)2019-20/1373 ਮਿਤੀ: 2/3/-2020

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਯੋਜਨਾ

ਪਿੱਠ ਅੰਕਣ 10-ਪਸਪਬ-ਖੋ.ਅ(ਸਯ)2019-20/1374-1381 ਮਿਤੀ: 2/3/2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ ਵਿੱਤ, ਵਿੱਤ ਵਿਭਾਗ, ਪੰਜਾਬ।
2. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸ਼ਡਿਊਲਡ ਕਾਸਟਸ ਸਬ ਪਲਾਨ, ਭਲਾਈ ਵਿਭਾਗ, ਸੈਕਟਰ 17, ਚੰਡੀਗੜ੍ਹ।



Scanned with CamScanner

4. ਮਹਾਂਲੇਖਾਕਾਰ(ਏ ਐਂਡ ਈ), ਪੰਜਾਬ, ਚੰਡੀਗੜ੍ਹ।
5. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
6. ਵਧੀਕ ਡਿਪਟੀ ਕਮਿਸ਼ਨਰ(ਵਿਕਾਸ),ਜ਼ਿਲ੍ਹਾ ਮੁਕਤਸਰ।
7. ਡਿਪਟੀ ਕੰਟਰੋਲਰ(ਐਫ ਐਂਡ ਏ), ਅੰਦਰੂਨੀ ਆਡਿਟ ਸੰਸਥਾ, ਜ਼ਿਲ੍ਹਾ ਮੁਕਤਸਰ।
8. ਜ਼ਿਲ੍ਹਾ ਖਜ਼ਾਨਾ ਅਫ਼ਸਰ, ਜ਼ਿਲ੍ਹਾ ਮੁਕਤਸਰ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ: 10-ਪਸਪਬ-ਖੋ.ਅ(ਸਯ)2019-20/ 1382 ਮਿਤੀ: 2/3-2020

ਇਸ ਦਾ ਇੱਕ ਉਤਾਰਾ ਉਪ ਅਰਥ ਤੇ ਅੰਕੜਾ ਸਲਾਹਕਾਰ, ਜ਼ਿਲ੍ਹਾ ਮੁਕਤਸਰ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਰਾਸ਼ੀ ਉਹਨਾਂ ਕੰਮਾਂ ਤੇ ਹੀ ਖਰਚ ਕਰਨੀ ਯਕੀਨੀ ਬਣਾਈ ਜਾਵੇ ਜਿਹੜੇ ਕੰਮਾਂ ਦੀ ਡਿਟੇਲ ਨਾਲ ਨੱਥੀ ਅਨੁਲੱਗ ਵਿੱਚ ਦਰਜ ਹੈ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ: 10-ਪਸਪਬ-ਖੋ.ਅ(ਸਯ)2019-20/ 1383 ਮਿਤੀ: 2/3/2020

ਇਸ ਦਾ ਇੱਕ ਉਤਾਰਾ ਪ੍ਰੋਗਰਾਮਰ, ਪੰਜਾਬ ਰਾਜ ਯੋਜਨਾ ਬੋਰਡ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸੈਕਸ਼ਨ ਨੂੰ ਨਿਰਧਾਰਤ ਹੈਡ ਵਿੱਚ ਅਪਲੋਡ ਕਰਦੇ ਹੋਏ ਇਸ ਸ਼ਾਖਾ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ ਅਤੇ ਇਸ ਸੈਕਸ਼ਨ ਨੂੰ ਪੰਜਾਬ ਰਾਜ ਯੋਜਨਾ ਬੋਰਡ ਦੀ ਵੈਬ ਸਾਈਟ ਤੇ ਵੀ ਅਪਲੋਡ ਕੀਤਾ ਜਾਵੇ।

ਡਾਇਰੈਕਟਰ ਯੋਜਨਾ



Scanned with CamScanner